BC Centre for Disease Control
An agency of the Provincial Health Services Authority

Provincial Tuberculosis Services

Main Switchboard 604 707 2692
TB Services Fax 604 707 2690

# ਰੇਫ਼ਾਪੈਨਟੀਨ ਅਤੇ ਆਈਸੋਨਿਆਜ਼ਿਡ
# RIFAPENTINE and ISONIAZID

ਰੇਫ਼ਾਪੈਨਟੀਨ ਅਤੇ ਆਈਸੋਨਿਆਜ਼ਿਡ ਦੋ ਐਂਟੀਬਾਇਓਟਿਕਾਂ ਹਨ ਜਿਨ੍ਹਾਂ ਨੂੰ ਤਪਦਿਕ (ਟੀ.ਬੀ.) ਦੀ ਗੁਪਤ (ਸਿਥਲ ਜਾਂ ਸੁੱਤੀ ਪਈ) ਇਨਫ਼ੈਕਸ਼ਨ ਦੇ ਟ੍ਰੀਟਮੈਂਟ ਲਈ ਅਤੇ ਇਨਫ਼ੈਕਸ਼ਨ ਨੂੰ ਟੀ.ਬੀ. ਦਾ ਸਰਗਰਮ ਰੂਪ ਧਾਰਣ ਕਰਨ ਤੋਂ ਰੋਕਣ ਲਈ ਇਸਤੇਮਾਲ ਕੀਤਾ ਜਾਂਦਾ ਹੈ।

## ਮੈਨੂੰ ਇਹ ਦਵਾਈ ਕਿਵੇਂ ਲੈਣੀ ਚਾਹੀਦੀ ਹੈ? (How should I take this?)

- **ਰੇਫ਼ਾਪੈਨਟੀਨ ਅਤੇ ਆਈਸੋਨਿਆਜ਼ਿਡ 12 ਹਫ਼ਤਿਆਂ ਤਕ ਹਰ ਹਫ਼ਤੇ ਇੱਕ ਵਾਰੀ ਦਿੱਤੀ ਜਾਂਦੀ ਹੈ (ਕੁੱਲ 12 ਖ਼ੁਰਾਕਾਂ)।**
- ਇਹ ਗੋਲ਼ੀਆਂ ਕਿਸੇ ਸਿਖਲਾਈ ਪ੍ਰਾਪਤ ਸਿਹਤ ਸੰਭਾਲ ਪ੍ਰਦਾਤਾ ਦੀ ਮੌਜੂਦਗੀ ਵਿੱਚ ਲਈਆਂ ਜਾਂਦੀਆਂ ਹਨ। ਇਸ ਨੂੰ "ਡੇਲੀ ਓਬਜ਼ਰਵਡ ਪ੍ਰੀਵੈਨਟੇਟਿਵ ਥੈਰੇਪੀ" (ਡੀ.ਓ.ਪੀ.ਟੀ.) ਕਿਹਾ ਜਾਂਦਾ ਹੈ।
- ਪੇਟ ਖ਼ਰਾਬ ਹੋਣ ਦਾ ਅਸਰ ਘਟਾਉਣ ਲਈ ਇਨ੍ਹਾਂ ਗੋਲ਼ੀਆਂ ਨੂੰ ਕਿਸੇ ਸਨੈਕ (ਜਿਵੇਂ ਕਿ ਚਾਹ ਅਤੇ ਟੋਸਟ) ਨਾਲ ਲਿਆ ਜਾਣਾ ਚਾਹੀਦਾ ਹੈ।

## ਜੇ ਮੈਂ ਕੋਈ ਖ਼ੁਰਾਕ, ਅਪੌਇੰਟਮੈਂਟ ਜਾਂ ਫ਼ੇਰੀ ਖੁੰਝਾ ਦਿਆਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ? (What should I do if I miss a dose, appointment, or visit?)

- ਇਹ ਮਹੱਤਵਪੂਰਣ ਹੈ ਕਿ ਤੁਸੀਂ ਉਹ ਸਾਰੀਆਂ ਦਵਾਈਆਂ ਲਓ ਜੋ ਤੁਹਾਨੂੰ ਤਜਵੀਜ਼ ਕੀਤੀਆਂ ਗਈਆਂ ਹਨ। ਦਵਾਈ ਦੀਆਂ ਖ਼ੁਰਾਕਾਂ ਖੁੰਝਣ ਦੇਣ ਜਾਂ ਭੁੱਲਣ ਨਾਲ ਇਸ ਥੈਰੇਪੀ ਦੀ ਅਸਰਦਾਇਕਤਾ ਘਟਦੀ ਹੈ।
- **ਜੇ ਤੁਸੀਂ ਦਵਾਈ ਦੀ ਕੋਈ ਖ਼ੁਰਾਕ ਲੈਣੀ ਖੁੰਝ ਜਾਓ ਤਾਂ ਜਿੰਨੀ ਛੇਤੀ ਹੋ ਸਕੇ ਆਪਣੇ ਟੀ.ਬੀ. ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਤਾਂ ਕਿ ਖੁੰਝੀ ਹੋਈ ਖ਼ੁਰਾਕ ਦੀ ਪੂਰਤੀ ਲਈ ਉਹ ਤੁਹਾਨੂੰ ਹਿਦਾਇਤਾਂ ਦੇ ਸਕਣ।**

## ਇਸ ਦਵਾਈ ਨੂੰ ਲੈਂਦੇ ਹੋਏ ਕੀ ਮੈਨੂੰ ਕੋਈ ਪਰਹੇਜ਼ ਵੀ ਕਰਨੇ ਚਾਹੀਦੇ ਹਨ? (Is there anything I should avoid when taking this?)

- ਜਿਗਰ ਦੀਆਂ ਸਮੱਸਿਆਵਾਂ ਨੂੰ ਘੱਟ ਤੋਂ ਘੱਟ ਰੱਖਣ ਵਾਸਤੇ ਸ਼ਰਾਬ ਤੋਂ ਪਰਹੇਜ਼ ਕਰਨਾ ਵਧੀਆ ਰਹਿੰਦਾ ਹੈ।
- ਜੇ ਤੁਸੀਂ ਅਜਿਹੇ ਐਂਟਾਸਿਡ ਲੈ ਰਹੇ ਹੋ ਜਿਨ੍ਹਾਂ ਵਿੱਚ ਅਲੂਮਨਮ ਜਾਂ ਮੈਗਨੀਸੀਅਮ ਹੁੰਦਾ ਹੈ ਤਾਂ ਉਨ੍ਹਾਂ ਨੂੰ ਆਈਸੋਨਿਆਜ਼ਿਡ ਲੈਣ ਤੋਂ ਘੱਟੋ ਘੱਟ 1 **ਘੰਟਾ ਬਾਅਦ** ਲਓ।

**ਰੇਫ਼ਾਪੈਨਟੀਨ ਅਤੇ ਆਈਸੋਨਿਆਜ਼ਿਡ** ਲੈਣ ਤੋਂ ਪਹਿਲਾਂ ਆਪਣੇ ਡਾਕਟਰ, ਨਰਸ, ਜਾਂ ਫ਼ਾਰਮਾਸਿਸਟ ਨੂੰ ਉਨ੍ਹਾਂ ਸਾਰੀਆਂ ਦਵਾਈਆਂ ਬਾਰੇ ਦੱਸਣਾ ਯਕੀਨੀ ਬਣਾਓ ਜੋ ਤੁਸੀਂ ਲੈ ਰਹੇ ਹੋ (ਇਸ ਵਿੱਚ ਪ੍ਰਿਸਕ੍ਰਿਪਸ਼ਨ ਤੋਂ ਬਿਨਾ ਮਿਲਣ ਵਾਲੀਆਂ ਦਵਾਈਆਂ ਵੀ ਸ਼ਾਮਲ ਹਨ)। ਡਾਕਟਰ ਜਾਂ ਫ਼ਾਰਮਾਸਿਸਟ ਦੀ ਸਲਾਹ ਤੋਂ ਬਿਨਾ ਕੋਈ ਵੀ ਨਵੀਂ ਦਵਾਈ ਲੈਣੀ ਸ਼ੁਰੂ ਨਾ ਕਰੋ।

## ਇਸ ਟ੍ਰੀਟਮੈਂਟ ਦੇ ਸੰਭਾਵੀ ਮਾੜੇ ਪ੍ਰਭਾਵ ਕੀ ਹਨ? (What are some possible side effects of this treatment?)

- ਅਤਿ-ਸੰਵੇਦਨਸ਼ੀਲ ਪ੍ਰਤੀਕਰਮ (ਬੁਖ਼ਾਰ, ਸਿਰ ਦਰਦ, ਚੱਕਰ ਆਉਣੇ, ਮਾਸਪੇਸ਼ੀਆਂ ਵਿੱਚ ਦਰਦ, ਫ਼ਲੂ ਵਰਗੀ ਬਿਮਾਰੀ, ਧੱਫੜ ਜਾਂ ਚਮੜੀ ਉੱਪਰ ਰੀਐਕਸ਼ਨ)
- ਪੇਟ ਸੰਬੰਧੀ ਸਮੱਸਿਆਵਾਂ (ਜੀਅ ਕੱਚਾ ਹੋਣਾ, ਉਲਟੀਆਂ ਆਉਣੀਆਂ, ਦਸਤ ਲੱਗਣੇ, ਭੁੱਖ ਨਾ ਲੱਗਣੀ)
- ਅਸਾਧਾਰਣ ਥਕਾਵਟ ਜਾਂ ਕਮਜ਼ੋਰੀ
- ਗੂੜ੍ਹੇ ਰੰਗ ਦਾ ਪਿਸ਼ਾਬ (ਕੋਲਾ ਜਾਂ ਚਾਹ ਰੰਗਾ)
- ਚਮੜੀ ਜਾਂ ਅੱਖਾਂ ਦੇ ਸਫ਼ੇਦ ਹਿੱਸੇ ਦਾ ਪੀਲ਼ਾਪਣ
- ਤੁਹਾਡੇ ਹੱਥਾਂ ਜਾਂ ਪੈਰਾਂ ਵਿੱਚ ਜਲ਼ਣ, ਝੁਣਝੁਣੀ, ਸੁੰਨਤਾ ਹੋਣੀ

- ਇਨ੍ਹਾਂ ਦਵਾਈਆਂ ਕਾਰਣ ਹੰਝੂ, ਥੁੱਕ, ਬਲ਼ਗਮ, ਪਸੀਨੇ, ਟੱਟੀ, ਛਾਤੀ ਦੇ ਦੁੱਧ, ਦੰਦਾਂ ਅਤੇ ਜੀਭ ਦਾ ਰੰਗ ਲਾਲ-ਸੰਤਰੀ ਹੋ ਸਕਦਾ ਹੈ। ਇਸ ਕਾਰਣ ਕੋਈ ਨੁਕਸਾਨ ਨਹੀਂ ਹੁੰਦਾ ਪਰ ਸੌਫ਼ਟ ਕੌਨਟੈਕਟ ਲੈਨਸ ਅਤੇ ਡੈਂਚਰਾਂ ਉੱਪਰ ਪੱਕੇ ਨਿਸ਼ਾਨ ਪੈ ਸਕਦੇ ਹਨ।

**ਜੇ ਤੁਹਾਨੂੰ ਉੱਪਰ ਲਿਖੇ ਵਿੱਚੋਂ ਕੋਈ ਵੀ ਲੱਛਣ ਜਾਂ ਕੁਝ ਹੋਰ ਅਸਾਧਾਰਣ ਮਹਿਸੂਸ ਹੋਵੇ ਤਾਂ ਆਪਣੇ ਟੀ.ਬੀ. ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।**

## ਮੈਨੂੰ ਰੇਫ਼ਾਪੈਨਟੀਨ ਅਤੇ ਆਈਸੋਨਿਆਜ਼ਿਡ ਬਾਰੇ ਹੋਰ ਕੀ ਪਤਾ ਹੋਣਾ ਚਾਹੀਦਾ ਹੈ? (What else do I need to know about taking rifapentine and isoniazid?)

- ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਡਾਕਟਰ ਵੱਲੋਂ ਦੱਸੇ ਸਾਰੇ **ਲੈਬ ਟੈਸਟ** ਕਰਵਾਓ ਅਤੇ ਆਪਣੇ ਡਾਕਟਰ ਜਾਂ ਨਰਸ ਨਾਲ ਸਾਰੀਆਂ ਅਪੌਇੰਟਮੈਂਟਾਂ ਲਈ ਪਹੁੰਚੋ ਜਾਂ ਉਪਲਬਧ ਰਹੋ।
- ਜੇ ਤੁਸੀਂ **ਗਰਭਵਤੀ** ਹੋ, ਗਰਭ ਧਾਰਣ ਕਰਨ ਦੀ ਯੋਜਨਾ ਬਣਾ ਰਹੇ ਹੋ, ਜਾਂ ਆਪਣੇ ਬੱਚੇ ਨੂੰ ਆਪਣਾ **ਦੁੱਧ ਚੁੰਘਾਉਣਾ** ਚਾਹੁੰਦੇ ਹੋ ਤਾਂ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ।
- ਰੇਫ਼ਾਪੈਨਟੀਨ ਗਰਭ ਨਿਰੋਧਕ ਗੋਲ਼ੀਆਂ ਦੀ ਅਸਰਦਾਇਕਤਾ ਨੂੰ ਘੱਟ ਕਰ ਸਕਦੀ ਹੈ। ਗਰਭ ਨਿਰੋਧਨ ਦਾ ਕੋਈ ਹੋਰ ਤਰੀਕਾ ਇਸਤੇਮਾਲ ਕਰੋ (ਅੜਿੱਕੇ ਵਾਲਾ ਤਰੀਕਾ ਜਿਵੇਂ ਕਿ ਕੰਡੋਮ/ਡਾਇਆਫ਼ਰਾਮ)। ਰੇਫ਼ਾਪੈਨਟੀਨ ਲੈਣੀ ਬੰਦ ਕਰਨ ਤੋਂ ਬਾਅਦ ਘੱਟੋ-ਘੱਟ 28 ਦਿਨ ਬਾਅਦ ਤਕ ਅੜਿੱਕੇ ਵਾਲਾ ਤਰੀਕਾ ਇਸਤੇਮਾਲ ਕਰਨਾ ਜਾਰੀ ਰੱਖੋ। ਮੂੰਹ ਰਾਹੀਂ ਲਏ ਜਾਣ ਵਾਲੇ ਹਾਰਮੋਨ-ਰਹਿਤ ਗਰਭ ਨਿਰੋਧਕ ਲੈਣ ਦੇ ਦਿਨਾਂ ਨੂੰ ਘਟਾ ਕੇ ਸਿਰਫ਼ 4 ਦਿਨ ਕਰੋ।
- ਤੁਹਾਡੇ ਹੱਥਾਂ ਜਾਂ ਪੈਰਾਂ ਵਿੱਚ ਜਲ਼ਣ, ਝੁਣਝੁਣੀ ਜਾਂ ਸੁੰਨਤਾ ਦੀ ਰੋਕਥਾਮ ਲਈ ਇਸ ਟ੍ਰੀਟਮੈਂਟ ਦੇ ਨਾਲ ਪੈਰੀਡੌਕਸਿਨ (ਵਿਟਾਮਿਨ ਬੀ6) ਤਜਵੀਜ਼ ਕੀਤੀ ਜਾਂਦੀ ਹੈ।

## ਜੇ ਮੇਰੇ ਕੋਈ ਹੋਰ ਸਵਾਲ ਹੋਣ ਤਾਂ ਮੈਂ ਕਿੱਥੇ ਫ਼ੋਨ ਕਰਾਂ? (Where do I call if I have any other questions?)

ਟੀ.ਬੀ. ਦੇਖਭਾਲ ਪ੍ਰਦਾਤਾ: ____________________________________________

ਵੈਨਕੂਵਰ ਟੀ.ਬੀ. ਸਰਵਿਸਿਜ਼ ਕਲੀਨਿਕ: 604-707-2692

ਨਿਊ ਵੈਸਟਮਿੰਸਟਰ ਟੀ.ਬੀ. ਸਰਵਿਸਿਜ਼ ਕਲੀਨਿਕ: 604-707-2698

ਬੀ.ਸੀ.ਸੀ.ਡੀ.ਸੀ. ਵੈਕਸੀਨ ਅਤੇ ਫ਼ਾਰਮੇਸੀ ਸਰਵਿਸਿਜ਼: 604-707-2580